# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ


ਹਵਾਲਾ ਨੰ: ਪ. ਤ. ਪ. ਤ./201

ਮਿਤੀ : 2 ਜੁਲਾਈ 2019

ਸੇਵਾ ਵਿਖੇ

ਮਾਣਯੋਗ ਚੀਫ਼ ਜਸਟਿਸ ਸਾਹਿਬ

ਪੰਜਾਬ ਅਤੇ ਹਰਿਆਣਾ ਹਾਈ ਕੋਰਟ

ਚੰਡੀਗੜ੍ਹ।

Through E-mail ID: highcourtchd@indianjudiciary.gov.in

ਬੇਨਤੀ: ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ 3-ਏ ਦੀ ਵਿਵਸਥਾ ਲਾਗੂ ਕਰਕੇ, ਪੰਜਾਬ ਵਿਚ ਸਥਿਤ ਸਾਰੀਆਂ ਜ਼ਿਲ੍ਹਾ ਪੱਧਰ ਦੀਆਂ ਅਦਾਲਤਾਂ ਵਿਚ ਹੁੰਦੀ ਅਦਾਲਤੀ ਕਾਰਵਾਈ ਪੰਜਾਬੀ ਵਿਚ ਕੀਤੇ ਜਾਣ ਬਾਰੇ ਬੇਨਤੀ।

**ਬੇਨਤੀ ਪੱਤਰ**

ਸ੍ਰੀ ਮਾਨ ਚੀਫ਼ ਜਸਟਿਸ ਸਾਹਿਬ,

ਬਹੁਤ ਹੀ ਸਤਿਕਾਰ ਨਾਲ, ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਜੋ ਕਿ ਪੰਜਾਬੀ ਭਾਸ਼ਾ ਦੇ ਪਸਾਰ ਅਤੇ ਪ੍ਰਚਾਰ ਲਈ ਯਤਨਸ਼ੀਲ ਹੈ, ਵੱਲੋਂ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਦਸੰਬਰ 1967 ਵਿਚ, 'ਪੰਜਾਬ ਰਾਜ ਭਾਸ਼ਾ ਐਕਟ 1967' ਬਣਾ ਕੇ ਇਸ ਦੀ ਧਾਰਾ 3 ਰਾਹੀਂ, ਪੰਜਾਬੀ ਭਾਸ਼ਾ ਨੂੰ, ਪੰਜਾਬ ਰਾਜ ਦੀ 'ਰਾਜ ਭਾਸ਼ਾ' ਦਾ ਦਰਜਾ ਦਿੱਤਾ ਸੀ। ਇਹ ਪੰਜਾਬੀਆਂ ਵੱਲੋਂ ਆਪਣੀ ਮਾਂ ਬੋਲੀ ਨੂੰ ਸਰਕਾਰੇ ਦਰਬਾਰੇ ਬਣਦਾ ਸਤਿਕਾਰ ਦਵਾਉਣ ਲਈ 'ਪੰਜਾਬੀ ਸੂਬੇ ਦੀ ਸਥਾਪਨਾ ਤੋਂ ਪਹਿਲਾਂ ਕੀਤੇ ਲੰਬੇ ਸੰਘਰਸ਼ ਦਾ ਸਿੱਟਾ ਸੀ। ਫੇਰ ਇਸ ਐਕਟ ਵਿਚ 'ਪੰਜਾਬ ਰਾਜ ਭਾਸ਼ਾ ਸੋਧ ਐਕਟ 2008' ਰਾਹੀਂ ਮਹੱਤਵਪੂਰਨ ਸੋਧਾਂ ਕੀਤੀਆਂ ਗਈਆਂ। ਧਾਰਾ 3-ਏ ਰਾਹੀਂ ਪੰਜਾਬ ਦੀਆਂ ਸਾਰੀਆਂ ਜ਼ਿਲ੍ਹਾ ਪੱਧਰੀ ਅਦਾਲਤਾਂ ਵਿਚ ਹੁੰਦੀ ਕਾਨੂੰਨੀ ਪ੍ਰਕ੍ਰਿਆ ਅਤੇ ਅਦਾਲਤ ਵੱਲੋਂ ਸੁਣਾਏ ਜਾਂਦੇ ਫ਼ੈਸਲੇ ਆਦਿ ਨੂੰ ਪੰਜਾਬੀ ਵਿਚ ਕਰਨ/ਲਿਖਣ ਦੀ ਵਿਵਸਥਾ ਕੀਤੀ ਗਈ। ਇਹ ਵਿਵਸਥਾ 'ਪੰਜਾਬੀ ਸੂਬੇ' ਦੀ ਸਥਾਪਨਾ ਬਾਅਦ, ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪ੍ਰਾਪਤ ਕਰਨ ਲਈ, ਸਮੇਂ-ਸਮੇਂ ਦੀਆਂ ਸਰਕਾਰਾਂ ਤੇ ਲੋਕਾਂ ਵੱਲੋਂ ਬਣਾਏ ਦਬਾਅ ਦਾ ਸਿੱਟਾ ਸੀ।

ਪੰਜਾਬ ਰਾਜ ਭਾਸ਼ਾ ਐਕਟ ਦੀ ਧਾਰਾ 3-ਏ ਦੀ ਵਿਵਸਥਾ 05 ਨਵੰਬਰ 2008 ਤੋਂ ਲਾਗੂ ਹੈ। ਇੱਕ ਦਹਾਕਾ ਬੀਤ ਜਾਣ ਬਾਅਦ ਵੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਹ ਵਿਵਸਥਾ ਲਾਗੂ ਨਹੀਂ ਕੀਤੀ ਗਈ। ਨਤੀਜਨ ਆਜ਼ਾਦੀ ਦੇ 72 ਸਾਲ ਬੀਤ ਜਾਣ ਬਾਅਦ ਵੀ ਪੰਜਾਬੀ, ਆਪਣੀ ਮਾਤ ਭਾਸ਼ਾ ਵਿਚ ਇਨਸਾਫ਼ ਪ੍ਰਾਪਤ ਕਰਨ ਦੇ ਆਪਣੇ ਸੰਵਿਧਾਨਕ ਅਧਿਕਾਰ ਤੋਂ ਵਾਂਝੇ ਚਲੇ ਆ ਰਹੇ ਹਨ।

ਜਾਰੀ ਪੰਨਾ 2


**PUNJABI BHASHA PASAAR BHAICHARA**

ਸੰਪਰਕ/Contact : punjabibpbhaichara@gmail.com www.punjabibhashapasaarbhaichara.org

ਮੁੱਖ ਦਫ਼ਤਰ : 297, ਗਲੀ ਨੰ. 5, ਉਪਕਾਰ ਨਗਰ, ਸਿਵਿਲ ਲਾਈਨਜ਼, ਲੁਧਿਆਣਾ ।

ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੁੰਦੇ ਹੋਏ ਵੀ, ਬੜੀ ਨਿਮਰਤਾ ਸਹਿਤ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਮਾਣਯੋਗ ਹਾਈ ਕੋਰਟ ਵੱਲੋਂ ਇੱਕ ਪੁਰਾਣੇ ਹੁਕਮ/ਨੋਟੀਫ਼ਿਕੇਸ਼ਨ ਰਾਹੀਂ ਹੇਠਲੀਆਂ ਅਦਾਲਤਾਂ ਨੂੰ ਆਪਣਾ ਕੰਮ-ਕਾਜ ਅੰਗਰੇਜ਼ੀ ਵਿਚ ਜਾਰੀ ਰੱਖਣ ਦੀ ਆਗਿਆ ਦਿੱਤੀ ਹੋਈ ਹੈ। ਧਾਰਾ 3-ਏ ਦੀ ਵਿਵਸਥਾ ਲਾਗੂ ਹੋਣ ਬਾਅਦ ਉਸ ਹੁਕਮ ਦੀ ਕੋਈ ਮਹੱਤਤਾ ਨਹੀਂ ਰਹਿੰਦੀ।

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਆਪ ਜੀ ਦੇ ਧਿਆਨ ਵਿਚ ਵੀ ਲਿਆ ਰਿਹਾ ਹੈ ਕਿ ਮਾਂ ਬੋਲੀ ਦਾ ਸਤਿਕਾਰ ਕਰਨ ਵਾਲੇ ਭਾਰਤ ਦੇ ਘੱਟੋ-ਘੱਟ ਚਾਰ ਰਾਜਾਂ (ਰਾਜਸਥਾਨ, ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼) ਨੇ ਜ਼ਿਲ੍ਹਾ ਪੱਧਰੀ ਹੀ ਨਹੀਂ ਸਗੋਂ ਹਾਈ ਕੋਰਟ ਤੱਕ ਹੁੰਦੀ ਸਾਰੀ ਅਦਾਲਤੀ ਕਾਰਵਾਈ ਨੂੰ ਆਪਣੀ ਮਾਤ ਭਾਸ਼ਾ (ਹਿੰਦੀ) ਵਿਚ ਕੀਤੇ ਜਾਣ ਦੀ ਵਿਵਸਥਾ ਲੰਬੇ ਸਮੇਂ ਤੋਂ ਕੀਤੀ ਹੋਈ ਹੈ। ਦੂਜੇ ਪਾਸੇ ਪੰਜਾਬ ਨੇ ਹਾਲੇ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤੀ।

ਇਸ ਬੇਨਤੀ ਪੱਤਰ ਰਾਹੀਂ, ਬੜੀ ਹੀ ਨਿਮਰਤਾ ਨਾਲ, ਲੋਕਾਂ ਦੇ ਮੁੱਢਲੇ ਮਨੁੱਖੀ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਖਵਾਲੀ ਕਰਨ ਵਾਲੀ ਮਹੱਤਵਪੂਰਨ ਸੰਸਥਾ ਦੇ ਮੁੱਖੀ ਹੋਣ ਦੇ ਨਾਤੇ, ਆਪ ਜੀ ਨੂੰ ਪੰਜਾਬੀਆਂ ਨੂੰ ਦਰਪੇਸ਼ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਵਾਚਣ, ਸਬੰਧਤ ਹੁਕਮ ਵਾਪਸ ਲੈ ਕੇ ਪੰਜਾਬੀਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਵਿਚ ਇਨਸਾਫ਼ ਦਿਵਾਉਣ ਲਈ ਨਵੇਂ ਹੁਕਮ ਜਾਰੀ ਕਰਕੇ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਉਸਾਰੂ ਹੁੰਘਾਰੇ ਦੀ ਆਸ ਨਾਲ।

ਪ੍ਰਾਰਥੀ


(ਮਹਿੰਦਰ ਸਿੰਘ ਸੇਖੋਂ)
ਸਹਾਇਕ ਸੰਚਾਲਕ
ਮੋ: 8528758228

(ਸੁਖਇੰਦਰਪਾਲ ਸਿੰਘ ਸਿੱਧੂ)
ਸਹਾਇਕ ਸੰਚਾਲਕ
ਮੋ: 9814500445

(ਹਰਬਖਸ਼ ਸਿੰਘ ਗਰੇਵਾਲ)
ਸਹਾਇਕ ਸੰਚਾਲਕ
98765-18150